ਵਲੋਂ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭ ਤੇ ਮ ਸ਼ਾਖਾ,
ਸ਼ਹੀਦ ਭਗਤ ਸਿੰਘ ਨਗਰ।

ਸੇਵਾ ਵਿਖੇ

ਮਾਨਯੋਗ ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

ਨੰਬਰ: 6586 ਮਿਤੀ: 27-01-2014

ਵਿਸ਼ਾ:- ਭਾਰਤ ਪੈਟਰੌਲੀਅਮ ਕਾਰਪੋਰੇਸ਼ਨ ਲਿਮ: ਵਲੋਂ ਪਿੰਡ ਜੀਂਦੋਵਾਲ, ਬੰਗਾ, ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਲਗਾਏ ਜਾਣ ਵਾਲੇ ਪੈਟਰੌਲ/ਡੀਜਲ ਪੰਪ ਦਾ ਐਨ ਓ ਸੀ ਦੇਣ ਬਾਰੇ। ਜਮੀਨ ਦੇ ਮਾਲਕ ਸ੍ਰੀ ਵਿਸ਼ਾਲ ਗੁਪਤਾ ਸਪੁੱਤਰ ਸ੍ਰੀ ਸਰਦਾਰੀ ਲਾਲ, ਬੰਗਾ, ਜਿਲਾ ਸ਼ਹੀਦ ਭਗਤ ਸਿੰਘ ਨਗਰ।

ਹਵਾਲਾ: ਆਪ ਜੀ ਦਾ ਪੱਤਰ ਨੰ: 646-47/ਐਮ.ਏ/ਐਮ.ਸੀ -3 ਮਿਤੀ 20.1.2014

ਉਪਰੋਕਤ ਵਿਸ਼ੇ ਅਧੀਨ ਪੈਟਰੌਲ ਪੰਪ ਦਾ ਇਤਰਾਜਹੀਣਤਾ ਸਰਟੀਫਿਕੇਟ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਲੋ: ਨਿ:ਵਿ: ਭ ਤੇ ਮ ਸ਼ਾਖਾ, ਸ਼ਹੀਦ ਭਗਤ ਸਿੰਘ ਨਗਰ ਦੀ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ। ਜੇਕਰ ਠੇਕੇਦਾਰ ਵਲੋਂ ਹੇਠ ਲਿਖੀਆਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਇਹ ਇਤਰਾਜਹੀਣਤਾ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ:-

1) ਏਜੰਸੀ ਨੂੰ ਆਈ ਆਰ ਸੀ 12:1983, 12:2009 ਅਤੇ ਲੇਟੈਸਟ ਸਪੇਸੀਫਿਕੇਸ਼ਨਾਂ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨੀ ਪਵੇਗੀ।
2) ਏਜੰਸੀ ਪੀਡਬਲਿਊ ਡੀ ਵਲੋਂ ਸਮੇਂ ਸਮੇਂ ਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨ ਦੀ ਪਾਬੰਦ ਹੋਵੇਗੀ ਅਤੇ ਏਜੰਸੀ ਪੀ ਡਬਲਿਊ ਡੀ ਲੈਂਡ ਵਿੱਚ ਕਿਸੇ ਕਿਸਮ ਦੀ ਉਸਾਰੀ ਨਾ ਕਰਨ ਦੀ ਪਾਬੰਦ ਹੋਵੇਗੀ।
3) ਪੈਟਰੌਲ ਪੰਪ ਦੇ ਮਾਲਕ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਪੈਟਰੌਲ ਪੰਪ ਦਾ ਪਾਣੀ ਸੜਕ ਜਾਂ ਪਾਰਕ ਤੇ [illegible] ਆਵੇ ਅਤੇ ਪੈਟਰੌਲ ਪੰਪ ਦਾ ਲੇਵਲ ਸੜਕ ਤੋਂ 6" ਇੰਚ (ਛੇ ਇੰਚ) ਨੀਵਾਂ ਰੱਖਿਆ ਜਾਵੇ।
4) ਇਸ ਸਬੰਧ ਵਿੱਚ ਭਾਰਤ ਸਰਕਾਰ ਦਾ ਸਰਕੂਲਰ ਨੰ: ਆਰ ਡਬਲਿਊ/ਐਨ ਐਚ 330323/19/99-ਡੀ ਓ 111 ਮਿਤੀ 25-9-2003/ 17-90-10-2003 ਜੋ ਕਿ ਆਈ ਆਰ ਸੀ 12(1983) ਦੀ ਲਗਾਤਾਰਤਾ ਵਿੱਚ ਹੈ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
5) ਏਜੰਸੀ ਨੂੰ ਪੀ ਡਬਲਿਊ ਡੀ ਮਹਿਕਮੇ ਨਾਲ ਹੋਏ ਲੀਜ਼ ਐਗਰੀਮੈਂਟ ਦੀ ਪਾਲਣਾ ਕਰਨੀ ਪਵੇਗੀ।
6) ਏਜੰਸੀ /ਠਿਕੇਦਾਰ ਵਲੋਂ ਜਿਸ ਜਗ੍ਹਾ ਤੇ ਪੈਟਰੌਲ ਪੰਪ ਲਗਾਇਆ ਜਾਣਾ ਹੈ, ਉਸ ਸੜਕ ਨੂੰ ਜੇਕਰ ਭਵਿੱਖ ਵਿੱਚ ਇਸ ਮਹਿਕਮੇ ਵਲੋਂ ਚੌੜਾ ਕਰਨ ਲਈ ਜਗ੍ਹਾ ਅਕਵਾਇਅਰ ਕਰਨ ਦੀ ਜਰੂਰਤ ਪੈਂਦੀ ਹੈ ਤਾਂ ਏਜੰਸੀ/ਠਿਕੇਦਾਰ ਖੁਦ ਆਪਣੇ ਖਰਚੇ ਤੇ ਪੈਟਰੌਲ ਪੰਪ ਹਟਾਉਣ ਦਾ ਜਿੰਮੇਵਾਰ ਹੋਵੇਗਾ ਅਤੇ ਠਿਕੇਦਾਰ ਮਹਿਕਮੇ ਤੇ ਕਿਸੇ ਵੀ ਕਿਸਮ ਦਾ ਕਲੇਮ ਨਹੀ ਕਰੇਗਾ।
7) ਠਿਕੇਦਾਰ ਵਲੋਂ ਜੋ ਮੌਕੇ ਤੇ ਚਾਰਦੀਵਾਰੀ ਕੀਤੀ ਜਾਵੇਗੀ ਉਸ ਦੀ ਉਚਾਈ 2 ਫੁੱਟ ਤੱਕ ਹੀ ਰੱਖੇਗਾ।
8) ਜੇਕਰ ਸਾਈਟ ਪੁੱਡਾ ਅਧੀਨ ਆਉਂਦੀ ਹੈ ਤਾਂ ਠਿਕੇਦਾਰ ਪੁੱਡਾ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰੇਗਾ।

ਨੱਥੀ/x

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:(ਭ ਤੇ ਮ),ਸ਼ਾਖਾ,
ਸ਼ਹੀਦ ਭਗਤ ਸਿੰਘ ਨਗਰ।

ਪਿ:ਅੰ: ਨੰ:
ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਨਵਾਂਸ਼ਹਿਰ ਨੂੰ ਉਹਨਾਂ ਦੇ ਪੱਤਰ ਨੰ: 984 ਮਿਤੀ: 20.01.2014 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਨਿਲ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:(ਭ ਤੇ ਮ),ਸ਼ਾਖਾ,
ਸ਼ਹੀਦ ਭਗਤ ਸਿੰਘ ਨਗਰ।

EXAMINER
D. C. Office